# ਪ੍ਰਸ਼ਨ ਪੱਤਰ 1

## ਭਾਗ ੳ (ਹਰੇਕ ਪ੍ਰਸ਼ਨ ਦੇ 1 ਅੰਕ ਹਨ)

**1. ਸਹੀ ਵਿਕਲਪ ਦੀ ਚੋਣ ਕਰੋ:**

**i)** ਜੇ $a$ ਅਤੇ $b$ ਦੋ ਸੰਖਿਆਵਾਂ ਹਨ ਤਾਂ HCF × LCM =

$a)$ $a+b$ $b)$ 1 $c)$ $a \times b$ $d)$ $a-b$

**ii)** ਦੋ ਘਾਤੀ ਬਹੁਪਦ ਦਾ ਆਲੇਖ .................... ਹੈ।

$a)$ ਸਰਲ ਰੇਖਾ $b)$ ਪੈਰਾਬੋਲਾ $c)$ ਵਕਰ $d)$ਮੂਲ ਬਿੰਦੂ

**iii)** ਜੇ $p(x) = ax^2 + bx + c$, ਇੱਕ ਦੋ ਘਾਤੀ ਬਹੁਪਦ ਹੈ ਤਾਂ ਸਿਫਰਾਂ ਦਾ ਜੋੜ

$a)$ $-\frac{c}{a}$ $b)$ $\frac{b}{a}$ $c)$ $\frac{c}{a}$ $d)$ $-\frac{b}{a}$

**iv)** ਸਮੀਕਰਨਾਂ $a_1x + b_1y + c_1 = 0, a_2x + b_2y + c_2 = 0$ ਦਾ ਵਿਲੱਖਣ ਹੱਲ ਹੈ ਤਾਂ

$a)$ $\frac{a_1}{a_2} = \frac{b_1}{b_2}$ $b)$ $\frac{a_1}{a_2} \neq \frac{b_1}{b_2}$ $c)$ $\frac{a_1}{a_2} = \frac{b_1}{b_2} = \frac{c_1}{c_2}$ $d)$ $\frac{a_1}{a_2} = \frac{b_1}{b_2} \neq \frac{c_1}{c_2}$

**v)** ਹੇਠਾਂ ਦਿੱਤੀਆਂ ਵਿੱਚੋਂ ਕਿਹੜੀ ਦੋ ਘਾਤੀ ਸਮੀਕਰਨ ਨਹੀਂ ਹੈ?

$a)$ $2x^2 - x + 3 = 0$ $b)$ $x(x+1) = 2x$

$c)$ $4x^2 + 1 = \frac{1}{x}$ $d)$ $x + \frac{1}{x} = 5$

**vi)** ਹੇਠਾਂ ਲਿਖਿਆਂ ਵਿੱਚੋਂ ਕਿਹੜੀ AP ਨਹੀਂ ਹੈ?

$a)$ $5, 9, 13, \ldots \ldots$ $b)$ $5, 1, -3, \ldots \ldots$

$c)$ $\frac{1}{2}, \frac{2}{3}, \frac{3}{4}, \ldots \ldots$ $d)$ $2, 2, 2 \ldots ..$



**vii)** ਦਿੱਤੇ ਚਿੱਤਰ ਵਿੱਚ $\Delta ABC$ ਵਿੱਚ $DE || BC$ ਹੈ ਤਾਂ $x =$

$a)$ 1 $b)$ 2 $c)$ 1.5 $d)$ 4

**viii)** $sin 45° =$

$a)$ $\sqrt{2}$ $b)$ $\frac{1}{2}$ $c)$ 1 $d)$ $\frac{1}{\sqrt{2}}$

**ix)** $tan\theta = \frac{sin\theta}{\ldots\ldots}$

$a)$ $cos\theta$ $b)$ $cot\theta$ $c)$ $sec\theta$ $d)$ 1

**x)** ਸਪਰਸ਼ ਰੇਖਾ ਅਤੇ ਚੱਕਰ ਦੇ ਸਾਂਝੇ ਬਿੰਦੂ ਦਾ ਨਾਮ ਦੱਸੋ।

$a)$ ਕੇਂਦਰ $b)$ ਸਪਰਸ਼ ਬਿੰਦੂ $c)$ ਬਾਹਰੀ ਬਿੰਦੂ $d)$ ਕੋਈ ਨਹੀਂ

**xi)** ਚੱਕਰ ਦੀ ਚੌਥਾਈ ਦਾ ਖੇਤਰਫਲ =

$a)\ \pi\left(\frac{r}{4}\right)^2$ $b)\ \pi r^2$ $c)\ \frac{\pi r^2}{2}$ $d)\ \frac{\pi r^2}{4}$

**xii)** ਇੱਕ $r$ ਸਮ ਵਿਆਸ ਵਾਲੇ ਸਿਲੰਡਰ ਦੇ ਆਧਾਰ ਦਾ ਖੇਤਰਫਲ ਦੱਸੋ

$a)\ \pi r^2$ $b)\ \frac{\pi r^2}{4}$ $c)\ \frac{\pi r^2}{2}$ $d)\ 2\pi r^2$

**xiii)** ਇੱਕ 14 ਸਮ ਅਰਧਵਿਆਸ ਵਾਲੇ ਗੋਲੇ ਦੀ ਉਚਾਈ ਦੱਸੋ।

$a)$ 14 ਸਮ $b)$ 7 ਸਮ $c)$ 28 ਸਮ $d)$ 21 ਸਮ

**xiv)** ਹੇਠਾਂ ਲਿਖਿਆਂ ਵਿੱਚੋਂ ਕਿਹੜਾ ਮਾਪ ਕੇਂਦਰੀ ਪ੍ਰਵਿਕਤੀ ਦਾ ਨਹੀਂ ਹੈ?

$a)$ ਮੱਧਮਾਨ $b)$ ਵਰਗ ਅੰਤਰਾਲ $c)$ ਬਹੁਲਕ $d)$ ਮਧਿਕਾ

**xv)** ਹੇਠਾਂ ਦਿੱਤੀਆਂ ਵਿੱਚੋਂ ਕਿਹੜੀ ਕਿਸੇ ਘਟਨਾ ਸੰਭਾਵਨਾ ਨਹੀਂ ਹੋ ਸਕਦੀ ਹੈ?

$a)\ \frac{2}{3}$ $b)\ 5\%$ $c)\ 1.4$ $d)\ 0$

**xvi)** ਨਿਸ਼ਚਿਤ ਘਟਨਾ ਦੀ ਸੰਭਾਵਨਾਂ ਕੀ ਹੁੰਦੀ ਹੈ?

$a)\ 0$ $b)\ 1$ $c)\ -1$ $d)\ \frac{1}{2}$

**2. ਸਹੀ/ਗਲਤ ਉੱਤਰ ਦੀ ਚੋਣ ਕਰੋ:**

**i)** $2+\sqrt{3}$ ਇੱਕ ਅਪਰਿਮੇਯ ਸੰਖਿਆ ਹੈ।

**ii)** ਦੋ ਚਲਾਂ ਵਿੱਚ ਰੇਖੀ ਸਮੀਕਰਨ ਦਾ ਆਲੇਖ ਪੈਰਾਬੋਲਾ ਹੁੰਦਾ ਹੈ।

**iii)** ਦੋ ਘਾਤੀ ਸਮੀਕਰਨ ਵਿੱਚ $D = 0$ ਹੈ ਤਾਂ ਮੂਲ ਬਰਾਬਰ ਹੁੰਦੇ ਹਨ।

**iv)** ਬਿੰਦੂ $(3,4)$ ਦੀ ਮੂਲਬਿੰਦੂ ਤੋਂ ਦੂਰੀ 5 ਇਕਾਈਆਂ ਹੈ।

**v)** $\theta$ ਦੇ ਹਰ ਮੁੱਲ ਲਈ $tan\theta$ ਦਾ ਮੁੱਲ 1 ਤੋਂ ਘੱਟ ਹੁੰਦਾ ਹੈ।

**vi)** ਇੱਕ ਚੱਕਰ ਦੀ ਇੱਕ ਸਪਰਸ਼ ਰੇਖਾ ਹੁੰਦੀ ਹੈ।

**vii)** ਲੜੀ $6,5,4,3,4,2,4,7$ ਦਾ ਬਹੁਲਕ 7 ਹੈ।

**3. ਖਾਲੀ ਸਥਾਨ ਭਰੋ:**

**i)** ਸਮੀਕਰਨਾਂ $2x+3y=5, 4x+6y=10$ ਦੇ .................. ਹੱਲ ਹਨ।

**ii)** ਅੰਕਗਣਿਤਕ ਲੜੀ $4, 1, -2, \ldots\ldots$ ਦਾ ਸਾਂਝਾ ਅੰਤਰ …… ਹੈ।

**iii)** ਜੇ $\Delta ABC \sim \Delta QPR$ ਹੈ ਤਾਂ $\angle B =$

**iv)** ਬਿੰਦੂ $(x_1, y_1)$ ਅਤੇ $(x_2, y_2)$ ਨੂੰ ਮਿਲਾਉਣ ਵਾਲੇ ਰੇਖਾਖੰਡ ਦਾ ਮੱਧ ਬਿੰਦੂ .................. ਹੈ।

**v)** ਅਰਧਵਿਆਸੀ ਖੰਡ ਦੀ ਚਾਪ ਦੀ ਲੰਬਾਈ = ________ $\times \frac{\theta}{360°}$

**vi)** ਸਿਲੰਡਰ ਦਾ ਆਇਤਨ _________ ਹੈ।

**vii)** ਜੇ ਕਿਸੇ ਮੈਚ ਜਿੱਤਣ ਦੀ ਸੰਭਾਵਨਾ 0.58 ਹੈ ਤਾਂ ਮੈਚ ਹਾਰਨ ਦੀ ਸੰਭਾਵਨਾ ________ ਹੋਵੇਗੀ।

## ਭਾਗ ਅ (ਹਰੇਕ ਪ੍ਰਸ਼ਨ ਦੇ 2 ਅੰਕ ਹਨ)

**4.** ਅਭਾਜ ਗੁਣਨਖੰਡ ਦੀ ਸਹਾਇਤਾ ਨਾਲ 96 ਅਤੇ 404 ਦਾ ਮ.ਸ.ਵ. ਅਤੇ ਲ.ਸ.ਵ. ਪਤਾ ਕਰੋ ।

**5.** ਦੋ ਘਾਤੀ ਬਹੁਪਦ ਪਤਾ ਕਰੋ ਜਿਸਦੇ ਸਿਫਰਾਂ ਦਾ ਜੋੜ 5 ਅਤੇ ਗੁਣਨਫਲ 8 ਹੈ ।

**6.** ਇੱਕ ਘੜੀ ਦੀ ਮਿੰਟਾਂ ਵਾਲੀ ਸੂਈ ਦੀ ਲੰਬਾਈ 14 ਸਮ ਹੈ । ਇਸ ਸੂਈ ਦੁਆਰਾ 5 ਮਿੰਟ ਵਿੱਚ ਤੈਅ ਕੀਤੇ ਖੇਤਰ ਦਾ ਖੇਤਰਫਲ ਪਤਾ ਕਰੋ ।

**7.** ਇੱਕ ਪਾਸੇ ਨੂੰ ਇੱਕ ਵਾਰ ਸੁੱਟਿਆ ਜਾਂਦਾ ਹੈ । 4 ਤੋਂ ਵੱਡੀ ਸੰਖਿਆ ਦੇ ਆਉਣ ਦੀ ਸੰਭਾਵਨਾ ਪਤਾ ਕਰੋ ।

## ਭਾਗ ੲ (ਹਰੇਕ ਪ੍ਰਸ਼ਨ ਦੇ 4 ਅੰਕ ਹਨ)

**8.** ਪਤਾ ਕਰੋ ਕਿ ਸਮੀਕਰਨ $6x^2 - x - 2 = 0$ ਦੇ ਵਾਸਤਵਿਕ ਮੂਲ ਹਨ ਜਾਂ ਨਹੀਂ, ਜੇ ਹਾਂ ਤਾਂ ਮੂਲ ਵੀ ਪਤਾ ਕਰੋ।

**9.** 7,13,19, … … .205 AP ਵਿੱਚ ਕਿੰਨੇ ਪਦ ਹਨ ? **ਜਾਂ**
ਕਿਸੇ AP ਦਾ ਪੰਜਵਾਂ ਪਦ 17 ਅਤੇ ਨੌਵਾਂ ਪਦ 33 ਹੈ। ਉਸ AP ਦੇ ਪਹਿਲੇ 15 ਪਦਾਂ ਦਾ ਜੋੜਫਲ ਪਤਾ ਕਰੋ।

**10.** ਉਸ ਬਿੰਦੂ ਦੇ ਨਿਰਦੇਸ਼ ਅੰਕ ਪਤਾ ਕਰੋ ਜੋ ਬਿੰਦੂਆਂ $(-3,4)$ ਅਤੇ $(2,5)$ ਨੂੰ ਮਿਲਾਉਣ ਵਾਲੇ ਰੇਖਾ ਖੰਡ ਨੂੰ $2:3$ ਵਿੱਚ ਵੰਡਦਾ ਹੈ । **ਜਾਂ**
$x$–ਧੁਰੇ ਤੇ ਬਿੰਦੂ ਪਤਾ ਕਰੋ ਜੋ ਬਿੰਦੂਆਂ $(3,4)$ ਅਤੇ $(2,3)$ ਤੋਂ ਬਰਾਬਰ ਦੂਰੀ ਤੇ ਹੋਵੇ

**11.** ਜੇਕਰ $\tan A = \frac{4}{3}$ ਹੋਵੇ ਤਾਂ $\angle A$ ਦੇ ਬਾਕੀ ਤਿਕੋਣਮਿਤਈ ਅਨੁਪਾਤ ਪਤਾ ਕਰੋ ।

**ਜਾਂ** ਸਿੱਧ ਕਰੋ $\frac{\cos A}{1+\sin A} + \frac{1+\sin A}{\cos A} = 2\sec A$




**12.** ਧਰਤੀ ਤੇ ਇੱਕ ਮੀਨਾਰ ਸਿੱਧੀ ਖੜੀ ਹੈ । ਧਰਤੀ ਦੇ ਇੱਕ ਬਿੰਦੂ ਤੋਂ, ਜੋ ਮੀਨਾਰ ਦੇ ਆਧਾਰ ਬਿੰਦੂ ਤੋਂ 15 ਮੀ ਦੂਰ ਹੈ, ਮੀਨਾਰ ਦੇ ਸਿਖਰ ਦਾ ਉਚਾਣ ਕੋਣ $60^0$ ਹੈ, i) ਮੀਨਾਰ ਦੀ ਉਚਾਈ ii) ਬਿੰਦੂ ਤੋਂ ਮੀਨਾਰ ਦੇ ਸਿਖਰ ਤੱਕ ਦੂਰੀ ਪਤਾ ਕਰੋ ।

**13.** ਰਸੀਦ ਨੂੰ ਜਨਮਦਿਨ ਦੇ ਤੋਹਫੇ ਦੇ ਰੂਪ ਵਿੱਚ ਲਾਟੂ ਮਿਲਿਆ ਹੈ, ਅਤੇ ਲਾਟੂ ਇੱਕ ਸ਼ੰਕੂ ਆਕਾਰ ਦਾ ਹੈ ਜਿਸਦੇ ਉੱਪਰ ਇੱਕ ਅਰਧਗੋਲਾ ਬਣਾਇਆ ਹੈ । ਲਾਟੂ ਦੀ ਪੂਰੀ ਉਚਾਈ 10 ਸਮ ਅਤੇ ਵਿਆਸ 7 ਸਮ ਹੈ, (i) ਸ਼ੰਕੂ ਦੀ ਉਚਾਈ (ii) ਲਾਟੂ ਦਾ ਆਇਤਨ ਪਤਾ ਕਰੋ




## ਭਾਗ ਸ (ਹਰੇਕ ਪ੍ਰਸ਼ਨ ਦੇ 6 ਅੰਕ ਹਨ)

**14.** ਪਤਾ ਕਰੋ ਕਿ ਸਮੀਕਰਨਾਂ ਦੇ $5x + 8y = 9, 2x + 3y = 4$ ਵਿਲੱਖਣ ਹੱਲ ਹਨ ਜਾਂ ਨਹੀਂ, ਜੇ ਹਾਂ ਤਾਂ ਹੱਲ ਕਰੋ **ਜਾਂ**
ਦੋ ਅੰਕਾਂ ਵਾਲੀ ਇੱਕ ਸੰਖਿਆ ਅਤੇ ਉਸਦੇ ਅੰਕਾਂ ਨੂੰ ਉਲਟਾ ਕੇ ਪ੍ਰਾਪਤ ਸੰਖਿਆਂ ਦਾ ਜੋੜਫਲ 110 ਹੈ। ਸੰਖਿਆਂ ਦੇ ਦਹਾਈ ਦੇ ਅੰਕ ਵਿੱਚੋ ਇਕਾਈ ਦਾ ਅੰਕ ਘਟਾਉਣ ਤੇ 6 ਆਉਦਾ ਹੈ। ਪਹਿਲਾ ਸੰਖਿਆਂ ਪਤਾ ਕਰੋ।

**15.** ਥੇਲਜ਼ ਥਿਊਰਮ : ਕਿਸੇ ਤ੍ਰਿਭੁਜ਼ ਦੀ ਇੱਕ ਭੁਜਾ ਦੇ ਸਮਾਂਤਰ ਰੇਖਾ ਬਾਕੀ ਦੋ ਭੁਜਾਵਾਂ ਨੂੰ ਸਮਾਨ ਅਨੁਪਾਤ ਵਿੱਚ ਵੰਡਦੀ ਹੈ । **ਜਾਂ**
ਸਿੱਧ ਕਰੋ ਕਿ ਬਾਹਰੀ ਬਿੰਦੂ ਤੋਂ ਚੱਕਰ ਤੇ ਖਿੱਚੀਆਂ ਗਈਆਂ ਸਪਰਸ਼ ਰੇਖਾਵਾਂ ਦੀਆਂ ਲੰਬਾਈਆਂ ਬਰਾਬਰ ਹੁੰਦੀਆਂ ਹਨ ।

Abhyaas:

**16.** ਹੇਠ ਲਿਖਿਆਂ ਅੰਕੜਿਆਂ ਦਾ ਮੱਧਮਾਨ ਪਤਾ ਕਰੋ ।

| ਵਰਗ ਅੰਤਰਾਲ | 15 – 20 | 20 – 25 | 25 – 30 | 30– 35 | 35-40 | 40-45 | 45-50 | 50-55 |
|---|---|---|---|---|---|---|---|---|
| ਸੰਖਿਆ | 3 | 8 | 9 | 10 | 3 | 0 | 0 | 2 |

**ਜਾਂ**

ਹੇਠਾਂ ਲਿਖੇ ਅੰਕੜਿਆਂ ਦਾ ਬਹੁਲਕ ਪਤਾ ਕਰੋ ।

| ੜਜਨ | 40-45 | 45-50 | 50-55 | 55-60 | 60-65 | 65-70 | 70-75 |
|---|---|---|---|---|---|---|---|
| ਸੰਖਿਆ | 2 | 3 | 8 | 6 | 6 | 3 | 2 |